# B.C.M.SCHOOL, BASANT AVENUE,DUGRI

## Class-V PUNJABI ASSIGNMENT

### ਅਣਡਿੱਠਾ ਪੈਰਾ

ਸਾਡੀ ਧਰਤੀ "ਨੀਲੇ ਗ੍ਰਹਿ" ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ ਕਿਉਂਕਿ ਇਸ ਦਾ ਵੱਡਾ ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਪਾਣੀ ਵਿੱਚੋਂ ਬਹੁਤ ਘੱਟ ਹਿੱਸਾ ਹੀ ਪੀਣ ਵਾਲੇ ਕੰਮ ਆਉਂਦਾ ਹੈ। ਮਿੱਠਾ ਪਾਣੀ ਨਦੀਆਂ, ਝੀਲਾਂ ਅਤੇ ਹਿਮਾਲਿਆ ਦੀਆਂ ਬਰਫ਼ ਦੀਆਂ ਚੋਟੀਆਂ ਵਿੱਚ ਮਿਲਦਾ ਹੈ। ਜੇ ਮਨੁੱਖ ਪਾਣੀ ਨੂੰ ਬਰਬਾਦ ਕਰੇ ਤਾਂ ਭਵਿੱਖ ਵਿੱਚ ਪੀਣ ਲਈ ਪਾਣੀ ਘੱਟ ਪੈ ਸਕਦਾ ਹੈ। ਇਸ ਲਈ ਹਰ ਕਿਸੇ ਦਾ ਫਰਜ਼ ਹੈ ਕਿ ਉਹ ਪਾਣੀ ਦੀ ਬਚਤ ਕਰੇ ਅਤੇ ਇਸ ਦਾ ਸਹੀ ਉਪਯੋਗ ਕਰੇ।

1.ਧਰਤੀ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?

a) ਹਰਾ ਗ੍ਰਹਿ

b) ਨੀਲਾ ਗ੍ਰਹਿ

c) ਸੂਰਜ ਗ੍ਰਹਿ

d) ਜਾਦੂਈ ਗ੍ਰਹਿ

2.ਧਰਤੀ ਦਾ ਵੱਡਾ ਹਿੱਸਾ ਕਿਸ ਨਾਲ ਢੱਕਿਆ ਹੋਇਆ ਹੈ?

a) ਰੇਤ ਨਾਲ

b) ਪਾਣੀ ਨਾਲ

c) ਬਰਫ਼ ਨਾਲ

d) ਪੱਥਰਾਂ ਨਾਲ

3.ਪੀਣ ਵਾਲਾ ਪਾਣੀ ਕਿੱਥੋਂ ਮਿਲਦਾ ਹੈ?

a) ਸਮੁੰਦਰਾਂ ਤੋਂ

b) ਨਦੀਆਂ, ਝੀਲਾਂ ਅਤੇ ਬਰਫ਼ ਦੀਆਂ ਚੋਟੀਆਂ ਤੋਂ

c) ਧਰਤੀ ਦੇ ਅੰਦਰੋਂ

d) ਹਵਾ ਵਿੱਚ

1. ਜੇ ਮਨੁੱਖ ਪਾਣੀ ਬਰਬਾਦ ਕਰੇ ਤਾਂ ਕੀ ਹੋ ਸਕਦਾ ਹੈ?
   a) ਪਾਣੀ ਵਧ ਜਾਵੇਗਾ
   b) ਪੀਣ ਲਈ ਪਾਣੀ ਘੱਟ ਹੋ ਜਾਵੇਗਾ
   c) ਨਦੀਆਂ ਸੁੰਦਰ ਹੋ ਜਾਣਗੀਆਂ
   d) ਸਮੁੰਦਰ ਸਾਫ਼ ਹੋ ਜਾਣਗੇ
2. ਪੈਰੇ ਅਨੁਸਾਰ ਹਰ ਕਿਸੇ ਦਾ ਕੀ ਫ਼ਰਜ਼ ਹੈ?
   a) ਪਾਣੀ ਦੀ ਬਰਬਾਦੀ ਕਰਨੀ
   b) ਪਾਣੀ ਦੀ ਬਚਤ ਅਤੇ ਸਹੀ ਉਪਯੋਗ ਕਰਨਾ
   c) ਪਾਣੀ ਨਾਲ ਖੇਡਣਾ
   d) ਪਾਣੀ ਵੇਚਣਾ
3. ਡਿੱਠਾ ਪੈਰਾ

ਕੁਲਫੀਆਂ ਸਾਰਿਆਂ ਨੂੰ ਭਾਈ ਨੇ ਸੀ ਦਿੱਤੀਆਂ।

ਚੂਸ-ਚੂਸ ਖਾਧੀਆਂ ਠੰਡੀਆਂ ਤੇ ਮਿੱਠੀਆਂ

ਸੱਚੀ ਮੁੱਚੀ ਅੱਜ ਸਾਨੂੰ ਬੜਾ ਮਜ਼ਾ ਆਇਆ

ਠੰਡੀ-ਠਾਰ ਕੁਲਫੀ ਦਾ ਹੋਕਾ ਉਹਨੇ ਲਾਇਆ।

ਉੱਪਰ ਦਿੱਤੇ ਕਾਵਿ ਟੋਟੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-

ਉਪਰੋਕਤ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

ਭਾਈ ਨੇ ਕੀ ਹੋਕਾ ਲਗਾਇਆ?

ਉਪਰੋਕਤ ਕਾਵਿ ਟੋਟੇ ਵਿੱਚ ਆਏ ਸਮਾਸੀ ਸ਼ਬਦ ਲਿਖੋ?

## ਅਤਿ ਛੋਟੇ ਪ੍ਰਸ਼ਨ ਉੱਤਰ:-

ਬੋਹੜ ਦੇ ਰੁੱਖ ਤੇ ਕੀ ਲੱਗੀਆਂ ਸਨ?

ਗ੍ਰਾਹਮ ਬੈਲ ਨੇ ਕਿਹੜੇ ਸਕੂਲ ਵਿੱਚ ਨਿਸ਼ਚਿਤ ਪਾਠਕ੍ਰਮ ਨਹੀਂ ਪੜ੍ਹਿਆ?

## ਛੋਟੇ ਪ੍ਰਸ਼ਨ ਉੱਤਰ:-

ਪ੍ਰ:-ਕਾਮਯਾਬੀ ਕਿਸ ਤਰ੍ਹਾਂ ਹਾਸਲ ਹੁੰਦੀ ਹੈ?

ਪ੍ਰ:-ਗ੍ਰਾਹਮ ਬੈਲ ਨੂੰ ਕਿਸ ਵਿਗਿਆਨ ਵਿੱਚ ਰੁਚੀ ਸੀ?

ਪ੍ਰ:-ਜੇ ਦਾਈ ਦੇਣ ਵਾਲਾ ਬੱਚਾ ਸਾਰਿਆਂ ਨੂੰ ਲੱਭ ਲਵੇ ਤਾਂ ਦਾਈ ਕਿਸ ਦੇ ਸਿਰ ਆਉਂਦੀ ਹੈ?

## ਵੱਡੇ ਪ੍ਰਸ਼ਨ ਉੱਤਰ:-

ਕਾਦਰ ਦੀ ਕੁਦਰਤ ਬੜੀ ਬੇਅੰਤ ਹੈ ਇਸ ਬਾਰੇ ਆਪਣੇ ਵਿਚਾਰ ਲਿਖੋ?

ਖੇਡਾਂ ਸਾਡੇ ਸਰੀਰ ਨੂੰ ਤੰਦਰੁਸਤ ਕਿਵੇਂ ਰੱਖਦੀਆਂ ਹਨ?

ਮੁੱਲ ਪਰਖ ਪ੍ਰਸ਼ਨ:-

ਅਲੈੱਗਜੈਂਡਰ ਗ੍ਰਾਹਮ ਬੈੱਲ ਦੇ ਜੀਵਨ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਸ਼ਬਦ ਅਰਥ:-ਮੰਜ਼ਲ, ਹੁਨਰ

ਵਾਕ ਬਣਾਓ:-ਸਧਾਰਨ, ਖਾਣਾ

ਕਿਸ ਨੇ ਕਿਸ ਨੂੰ ਕਹੇ:-

ਜੇ ਗੋਲ ਦੀ ਥਾਂ ਬੋਹੜ ਉਪਰੋ ਹਦਵਾਨਾ ਮੇਰੇ ਨੱਕ ਉੱਪਰ ਵੱਜਦਾ ਤਾਂ ਮੈਂ ਵੀ ਨਹੀਂ ਸੀ ਲੱਭਣਾ।

ਖਾਲੀ ਥਾਂ ਭਰੋ:-

______ਖੇਡਾਂ ਨੂੰ ਮੁੜ ਸੁਰਜੀਤ ਕਰੋ।

ਵਿਆਕਰਨ:-

ਪ੍ਰ:-ਭੂਤ ਕਾਲ ਤੋਂ ਕੀ ਭਾਵ ਹੈ? ਇਸ ਦੀ ਇੱਕ ਉਦਾਹਰਨ ਵੀ ਲਿਖੋ?

ਪ੍ਰ:-ਚੋਰ ਚੋਰੀ ਕਰਕੇ ਚਲਾ ਗਿਆ। (ਕਿਰਿਆ ਦੀ ਕਿਸਮ ਲਿਖੋ।)

ਪ੍ਰ:-ਕਰਮ ਤੋ ਬਿਨਾ ਕਿਹੜੀ ਕਿਰਿਆ ਕਹਾਉਂਦੀ ਹੈ?

ੳ)ਸਕਰਮਕ ਕਿਰਿਆ ਅ) ਅਕਰਮਕ ਕਿਰਿਆ ੲ)ਸਹਾਇਕ ਕਿਰਿਆ

ਦਰਵਾਜੇ ਤੇ ਭਿਖਾਰੀ ਆਇਆ। ਉਪਰੋਕਤ ਵਾਕ ਦਾ ਸਹੀ ਲਿੰਗ ਬਦਲੋ।

ਕਵੀ ਕਵਿਤਾ ਲਿਖਦਾ ਹੈ। ਰੇਖਾਂਕਿਤ ਸ਼ਬਦ ਦਾ ਸਹੀ ਵਚਨ ਬਦਲੋ:-

ੳ)ਕਵਿਤਾਵਾ ਅ) ਕਵਿਤਾਵਾਂ ੲ) ਕਵੀਤਾਵਾਂ

ਬੰਦਾ ਸਿੰਘ ਬਹਾਦਰ ਨੇ ਸਰਹੰਦ ਨੂੰ ਜਿੱਤ ਲਿਆ। ਵਾਕ ਲਈ ਸਹੀ ਮੁਹਾਵਰਾ ਚੁਣੋ:-

ੳ)ਪਾਪੜ ਵੇਲਣੇ ਅ)ਕੰਨ ਭਰਨੇ ੲ)ਸਰ ਕਰਨਾ

ਸਾਡੇ ਘਰ ਦੋ ਦਿਨਾਂ ਤੋਂ ਲਗਾਤਾਰ ਪਾਠ ਚੱਲ ਰਿਹਾ ਹੈ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ:-ੳ)ਸਹਿਜ ਪਾਠ ਅ) ਸੰਪਟ ਪਾਠ ੲ) ਅਖੰਡ

ਕਥਨ (A): ਕਾਲ (Tense) ਵਾਕ ਵਿੱਚ ਸਮਾਂ ਦੱਸਦਾ ਹੈ।

ਕਾਰਨ (R): ਵਰਤਮਾਨ, ਭੂਤ ਅਤੇ ਭਵਿੱਖ – ਇਹ ਕਾਲ ਦੇ ਤਿੰਨ ਮੁੱਖ ਰੂਪ ਹਨ।

👉 a) ਦੋਵੇਂ ਸਹੀ ਹਨ ਅਤੇ ਕਾਰਨ ਕਥਨ ਦੀ ਸਹੀ ਵਿਆਖਿਆ ਕਰਦਾ ਹੈ।

👉 b) ਦੋਵੇਂ ਸਹੀ ਹਨ ਪਰ ਕਾਰਨ ਕਥਨ ਦੀ ਵਿਆਖਿਆ ਨਹੀਂ ਕਰਦਾ।

👉 c) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

👉 d) ਕਥਨ ਗਲਤ ਹੈ ਪਰ ਕਾਰਨ ਸਹੀ ਹੈ।